# ਜਾਗ੍ਰਿਤੀ

(ਨਾਟਕ ਸ਼ੁਰੂ ਹੋਣ 'ਤੇ ਪਿੱਠਭੂਮੀ ਤੋਂ ਆਵਾਜ਼ਾਂ ਆਉਂਦੀਆਂ ਹਨ।)

1 : ਸੁਣਿਐ, ਤਾਰੇ ਸੀਰੀ ਦੀ ਕੁੜੀ ਮੀਤੀ ਨੇ ਨਛੱਤਰ ਦੀ ਬੜੀ ਲਾਹਪਾਹ ਕੀਤੀ।

2 : ਨਿਰੀ ਲਾਹਪਾਹ ਕੀ ਖੜੇ ਖੜੋਤੇ ਨੂੰ ਧਰਤੀ ਵਿਚ ਗੱਡ ਦਿੱਤਾ।

1 : ਕੁੜੀ ਹੈ ਬੜੀ ਦਲੇਰ, ਕਿਸੇ ਕੋਲੋਂ ਡਰਦੀ ਨਹੀਂ।

2 : ਹੁਣ ਤਾਂ ਮਾਮਲਾ ਪੰਚੈਤ ਵਿਚ ਜਾਵੇਗਾ ??????

1 : ਦੇਖੋ ਕੀ ਬਣਦੈ।

*(ਮੀਤੀ ਬੜੇ ਗੁੱਸੇ ਵਿਚ ਆਕੇ ਕੱਪੜਾ ਮੰਜੇ 'ਤੇ ਸੁੱਟਦੀ ਹੈ। ਉਹਦਾ ਬਾਪੂ ਤਾਰਾ ਪਿਛੇ ਆਉਂਦਾ ਹੈ।)*

ਤਾਰਾ : ਕੀ ਗੱਲ ਏ ਧੀਏ, ਤੂੰ ਤਾਂ ਸਾਗ ਲੈਣ ਗਈ ਸੀ ?

ਮੀਤੀ : ਆਹੋ ਗਈ ਸਾਂ, ਪਰ ਲਿਆਈ ਨਹੀਂ।

ਤਾਰਾ : ਨਹੀਂ ਲਿਆਈ, ਕਿਉਂ ਕਿਸੇ ਨੇ ਮਨ੍ਹਾ ਕੀਤੈ ?

ਮੀਤੀ : ਮਨ੍ਹਾਂ ਨਹੀਂ ਕਤਾ, ਪਰ ਖੇਤਾਂ ਵਾਲਾ ਮੁੱਲ ਮੰਗਦਾ ਸੀ।

ਤਾਰਾ : ਕੀ ਕਹਿੰਦਾ ਸੀ ?

ਮੀਤੀ : ਕਹਿੰਦਾ ਸੀ ਅੱਜ ਦੇ ਜ਼ਮਾਨੇ ਵਿਚ ਕੋਈ ਚੀਜ਼ ਮੁਫ਼ਤ ਨਹੀਂ ਮਿਲਦੀ।

ਤਾਰਾ : ਲਗਦੈ ਕਿ ਨਛੱਤਰ ਨਾਲ ਝਗੜਾ ਹੋ ਗਿਆ ਏ, ਤੁਸੀਂ ਬਚਪਨ ਵਿਚ ਵੀ ਇਸ ਤਰ੍ਹਾਂ ਲੜ ਪੈਂਦੇ ਸੀ।

ਮੀਤੀ : ਬਚਪਨ ਦੀ ਗੱਲ ਹੋਰ ਸੀ, ਜੇ ਉਹ ਮੇਰੀ ਗੁੱਤ ਨੂੰ ਹੱਥ ਪਾਉਂਦਾ ਸੀ ਤਾਂ ਉਹਦੀ ਜੁੰਡੀ ਮੇਰੇ ਹੱਥ ਵਿਚ ਹੁੰਦੀ ਸੀ।

ਤਾਰਾ : ਨੰਬੜਦਾਰਨੀ ਹਮੇਸ਼ਾਂ ਹੱਸਦੀ ਹੋਈ ਸ਼ਕਾਇਤ ਕਰਦੀ ਸੀ ਕਿ ਕੁੜੀ ਬਘਿਆੜਨੀ ਏ, ????ਨਹੀਂ ਕਰਦੀ।

ਮੀਤੀ : ਹੁਣ ਜੀਂਦੀ ਹੁੰਦੀ ਤਾਂ ਕਹਿੰਦੀ ਕਿ ਕੁੜੀ ਬਘਿੜਆਣੀ ਨਹੀਂ ਸਗੋਂ ਉਹਦਾ ਮੁੰਡਾ ਬਘਿਆੜ ਏ। ਪਰ ਉਤੇ ਸਿਰਾਂ ਨੂੰ ਸੂਤ ਕਰਨਾ ਮੈਨੂੰ ਆਉਂਦਾ ਤੇ ਅੱਜ ਮੈਂ ਸੂਤ ਕਰ ਦਿੱਤਾ। ਕਹਿੰਦਾ ਸੀ ਕਿ ਇਹਦਾ ਫੈਸਲਾ ਪੰਚਾਇਤ ਵਿਚ ਹੋਵੇਗਾ।

ਤਾਰਾ : ਕਾਹਨੂੰ ਗੱਲ ਵਧਾਉਣੀ ਸੀ। ਪੰਚੈਤ ਵਿਚ ਉਹਨੇ ਰੁੜ ਨਹੀਂ

ਜਾਣਾ ਤੇ ਤੇਰੀ ਐਵੇਂ ਚਰਚਾ ਹੋ ਜਾਣੀ ਏ। ਕੱਲ ਤੇਰੇ ਉਹ ਸੁਣਨਗੇ ਤਾਂ ਕੀ ਸੋਚਣਗੇ ?

ਮੀਤੀ : ਕੌਣ ਸੋਚਣਗੇ ?

ਤਾਰਾ : ਜਿਨ੍ਹਾਂ ਦੇ ਵਿਆਹਕੇ ਜਾਵੇਂਗੀ। ਇਥੇ ਥੋੜਾ ਬੈਠੀ ਰਹਿਣਾ ਏ।

ਮੀਤੀ : ਇਹੀ ਕਹਿਣਗੇ ਕੁੜੀ ਕੁਪੱਤੀ ਏ, ਅਸੀਂ ਨਹੀਂ ਲਿਜਾਣੀ ਤੇ ਮੈਂ ਕਹਾਂਗੀ ਨਹੀਂ ਲਿਜਾਂਦੇ ਤਾਂ ਮੇਰੀ ਜੁੱਤੀ ਵੀ ਨਹੀਂ ਜਾਂਦੀ, ਇਥੇ ਮੈਂ ਆਪਣੇ ਬਾਪੂ ਦੇ ਘਰ ਬੈਠੀ ਹਾਂ, ਕੋਈ ਕੱਢੀ ਨਹੀਂ ਹੋਈ। ਕਿਉਂ ਬੈਠੀ ਹੋਈ ਹਾਂ ?

ਤਾਰਾ : ਨਹੀਂ, ਬਿਲਕੁਲ ਨਹੀਂ।

ਮੀਤੀ : ਬਾਕੀ ਜੇ ਪੰਚਾਇਤ ਨੇ ਬੁਲਾਇਆ ਜਾਂ ਸਰਪੰਚ ਹੋਰਾਂ ਬੁਲਾਇਆ ਤਾਂ ਗੱਜਵੱਜ ਕੇ ਜਾਵਾਂਗੀ ਤੇ ਨਛੱਤਰ ਕੋਲੋਂ ਪੁੱਛਾਂਗੀ ਕਿ ਭੈਣ ਆਪਣੀ ਨੂੰ ਕੀ ਕਿਹਾ ਸੀ ?

ਤਾਰਾ : ਭੈਣ ?

ਮੀਤੀ : ਆਹੋ, ਨਛੱਤਰ ਦੀ ਮਾਂ ਤਾਂ ਹਮੇਸ਼ਾਂ ਮੈਨੂੰ ਧੀ ਕਹਿੰਦੀ ਸੀ। ਕਿੰਨੇ ਨੇਕ ਔਰਤ ਸੀ।

ਤਾਰਾ : ਨਛੱਤਰ ਦਾ ਬਾਪੂ ਤੇ ਪਿਛੋਂ ਮਾਂ ਜਿੰਨਾ ਚਿਰ ਜੀਂਦੀ ਰਹੀ, ਉਹਨਾਂ ਦਾ ਘਰ ਆਪਣੇ ਘਰ ਵਰਗਾ ਸੀ।

ਮੀਤੀ : ਉਹਨਾਂ ਦੇ ਖੇਤ ਵੀ ਆਪਣੇ ਹੀ ਸਨ, ਜਿੰਨਾ ਮਰਜ਼ੀ ਸਾਗ ਤੋੜੋ।

ਤਾਰਾ : ਨਛੱਤਰ ਨਿੱਕਾ ਸੀ, ਇਸੇ ਲਈ ਖੇਤੀ ਵੀ ਮੈਂ ਸਾਂਭਦਾ ਸਾਂ, ਪਰ ਜਦੋਂ ਦਾ ਨਛੱਤਰ ਟਰੈਕਟਰ ਲਿਆਇਆ, ਜਿਣਸ ਮੰਡੀ ਜਾਣ ਲਗ ਪਈ, ਖੇਤੀ ਦੇ ਰਿਸ਼ਤੇ ਵੀ ਬਦਲ ਗਏ ਨੇ ਤੇ ਮਨੁੱਖੀ ਰਿਸ਼ਤੇ ਵੀ ਬਦਲ ਗਏ।

ਮੀਤੀ : ਰਿਸ਼ਤੇ ਬਦਲ ਗਏ ਤਾਂ ਹੀ ਉਹਨੇ ਵਾਹਯਾਤ ਗੱਲ ਕੀਤੀ। ਮੈਂ ਤਾਂ ਸੋਚ ਵੀ ਨਹੀਂ ਸਕਦੀ ਸਾਂ ਕਿ ਉਹ ਇਹੋ..??????

ਮੀਤੀ : ਦੱਸਣ ਵਾਲੀ ਥੋੜੀ ਏ, ਬਸ ਨੰਗੀ ਗੱਲ ਕੀਤੀ, ਫੇਰ ਮੈਂ ਵੀ ਉਹ ਸੁਣਾਈਆਂ ਕਿ ਉਹ ਵੀ ਯਾਦ ਕਰੇਗਾ, ਪਿੰਡ ਵਾਲੇ ਵੀ ਯਾਂਦ ਰੱਖਣਗੇ ਤੇ ਸਵਰਗਾਂ ਵਿਚ ਬੈਠੀ ਉਹਦੀ ਮਾਂ ਵੀ।

ਤਾਰਾ : ਅੱਛਾ ਹੁਣ ਗੁੱਸਾ ਛੱਡ, ਮੈਂ ਸਰਪੰਚ ਹੋਰਾਂ ਦੇ ਹੁੰਦਾ ਜਾਵਾਂਗਾ। ਉਹਨਾਂ ਸੁਨੇਹਾ ਭੇਜਿਆ ਏ।

ਮੀਤੀ : ਮੈਂ ਵੀ ਜਾਵਾਂਗੀ।

ਤਾਰਾ : ਨਹੀਂ, ਕੁੜੀਆਂ ਨਹੀਂ ਜਾਂਦੀਆਂ।

ਮੀਤੀ : ਆਹੋ ਕੁੜੀਆਂ ਨੂੰ ਰਖੋ ਪਹਿਲੇ ਟਰੰਕਾਂ ਵਿਚ ਸਾਂਭਕੇ ਤੇ ਫੇਰ ਜਦੋਂ

ਖੇਤ ਸਾਗ ਲੈਣ ਜਾਣ ਜਾਂ ਚੁਲ੍ਹੇ ਲਈ ਮਿੱਟੀ ਲੈਣ ਜਾਣ ਤਾਂ ਨੌਸਰ ਉਹਨਾਂ ਦੀ ਇੱਜ਼ਤ ਨੂੰ ਹੱਥ ਪਾਉਣ।

ਤਾਰਾ : ਨਛੱਤਰ ਪਹਿਲੇ ਤਾਂ ਇਹੋ ਜਿਹਾ ਨਹੀਂ ਸੀ ਹੁੰਦਾ, ਪਰ ਜਦੋਂ ਦਾ ਉਹਦਾ ਉਠਣਾ ਬੈਠਣਾ ਸਰਦਾਰਾਂ ਦੇ ਮੁੰਡੇ ਨਾਲ ਹੋ ਗਿਆ, ਉਹਦੀ ਸੋਚ ਵੀ ਜਗੀਰੂ ਹੈਂਕੜ ਵਾਲੀ ਹੋ ਗਈ ਏ।

ਮੀਤੀ : ਹੈਂਕੜ ਵਰਗੀ ਹੈਂਕੜ।

ਤਾਰਾ : ਧੀਏ, ਜੱਟ ਤੇ ਸੀਰੀ ਦਾ ਦੋ ਕਿਸਮ ਦਾ ਰਿਸ਼ਤਾ ਹੁੰਦਾ ਹੈ। ਜੇ ਜੱਟ ਸਿਆਣਾ ਕਿਸਾਨ ਏ, ਆਪ ਵੀ ਖੇਤ ਕੰਮ ਕਰਨ ਵਾਲਾ ਤਾਂ ਉਹਦੀ ਹੱਡਾਂ ਦੀ ਮੇਹਨਤ ਵੀ ਕਦਰ ਵਾਲੀ ਬਣ ਜਾਂਦੀ ਏ। ਨਛੱਤਰ ਦੇ ਬਾਪੂ ਤੇ ਨਛੱਤਰ ਵਿਚ ਇਹੋ ਫਰਕ ਏ। ਤੇ ਸੁਣ ਨਛੱਤਰ ਨੇ ਕੋਈ ਨਵਾਂ ਕੰਮ ਨਹੀਂ ਕੀਤਾ, ਸਦੀਆਂ ਤੋਂ ਇਹ ਰੀਤ ਚਲਦੀ ਆ ਰਹੀ ਏ। ਗਰੀਬ ਬੰਦੇ ਨੂੰ ਨਿਉਣਾ ਹੀ ਪੈਂਦਾ ਏ।

ਮੀਤੀ : ਐਵੇਂ ਨਿਉਣਾ ਪੈਂਦਾ ਏ, ਗਰੀਬ ਕਿਸੇ ਦਾ ਦਿੱਤਾ ਨਹੀਂ ਖਾਂਦੇ।

ਤਾਰਾ : ਦਿੱਤਾ ਹੀ ਖਾਂਦੇ ਨੇ, ਪੇਂਡੂ ਵਰਤਾਰੇ ਵਿਚ ਜ਼ਮੀਨਾਂ ਤੋਂ ਸਖਣੇ ਮਜ਼ਦੂਰਾਂ ਨੂੰ ਹਰ ਪਲ ਕੁੱਬਾ ਹੋਣਾ ਪੈਂਦਾ ਏ। ਰੋਜ਼ ਹੀ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜੋ ਜਗੀਰੂ ਜ਼ਬਰ ਹੁੰਦਾ ਰਹੇ ਮਜ਼ਦੂਰ ਦੀ ਦਰਦਾਂ ਦੀ ਤਸਵੀਰ ਪੇਸ਼ ਕਰਦੀਆਂ ਨੇ।

ਮੀਤੀ : ਤੇ ਬਾਪੂ ਘਟਨਾਵਾਂ ਇਹ ਵੀ ਦੱਸਦੀਆਂ ਨੇ ਕਿ ਜਿਥੇ ਮਜ਼ਦੂਰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਉਠਦੇ ਨੇ, ਜੁੜਦੇ ਨੇ, ਉਹ ਅਜਿਹੀਆਂ ਧੱਕੇਸ਼ਾਹੀਆਂ ਅਤੇ ਜਬਰ ਜ਼ੁਲਮ ਨੂੰ ਨਕੇਲ ਵੀ ਪਾ ਸਕਦੇ ਨੇ। ਪਰ ਜਿਥੇ ਉਹ ਕਲੇਕਾਰੇ ਭਿੜਦੇ ਨੇ ਜਾਂ ਦੜ ਵੱਟਕੇ ਗੁਜ਼ਾਰਾ ਕਰਦੇ ਨੇ ਜਾਂ ਭਾਣਾ ਮੰਨਕੇ ਜ਼ਿਆਦਤੀਆਂ ਕਬੂਲ ਕਰਦੇ ਨੇ, ਉਥੇ ਉਹਨਾਂ ਨੂੰ ਤਕਲੀਫਾਂ ਉਠਾਉਣੀਆਂ ਪੈਂਦੀਆਂ ਨੇ, ਕੌੜੀਆਂ ਘੁੱਟ ਭਰਨੀਆਂ ਪੈਂਦੀਆਂ ਨੇ। ਤੇ ਬਾਪੂ, ਜ਼ਮੀਨਾਂ ਵਾਲੇ ਨੇ ਤਾਂ ਆਪਣੀਆਂ ਜ਼ਮੀਨਾਂ ਸਾਂਭਕੇ ਰੱਖਣਾ, ਸਾਡੇ ਕੋਲ ਆਪਣੇ ਹੱਥ ਨੇ ਕੰਮ ਕਰਨ ਵਾਲੇ, ਅਸੀਂ ਮਰਨ ਨਹੀਂ ਲਗੇ।

ਤਾਰਾ : ਤੈਨੂੰ ਤਾਂ ਕਿਸੇ ਲੀਡਰਾਂ ਦੇ ਘਰ ਜੰਮਣਾ ਚਾਹੀਦਾ ਸੀ, ਕਿਥੇ ਜੰਮ ਪਈ ਖੇਤ ਮਜ਼ਦੂਰਾਂ ਦੇ ਘਰ।

ਮੀਤੀ : ਹੋਰਾਂ ਦੇ ਘਰ ਪੰਜਾਬੀ ਦੀ ਅਖ਼ਬਾਰ ਪੜਦੀ ਹਾਂ, ਆਉਣ ਵਾਲਾ ਸਮਾਂ ਮਜ਼ਦੂਰਾਂ ਦਾ ਏ, ਇਹ ਸਾਰਾ ਵਰਤਾਰਾ ਹੁਣ ਇਸੇ ਤਰ੍ਹਾਂ ਨਹੀਂ ਚਲਦੇ ਰਹਿਣਾ। ਤੂੰ ਸਰਪੰਚ ਹੋਰਾਂ ਦੇ ਹੁੰਦਾ ਜਾਵੀਂ, ਜੇ ਨਛੱਤਰ ਵੀ ਉਥੇ ਹੋਇਆ ਤਾਂ ਝੇਪਕੇ ਗੱਲ ਨਾ ਕਰੀਂ, ਜੇ ਨਾ ਕਰ ਸਕਿਆ

ਤਾਂ ਮੈਨੂੰ ਬੁਲਾ ਭੇਜੀਂ।

ਤਾਰਾ : ਆਹੋ ਤੈਨੂੰ ਬੁਲਾ ਭੇਜਾਂ, ਵੱਡੀ ਰਾਣੀ ਦੀ ਝਾਂਸੀ।

ਮੀਤੀ : ਰਾਣੀ ਦੀ ਝਾਂਸੀ ਨਹੀਂ, ਝਾਂਸੀ ਦੀ ਰਾਣੀ।

ਤਾਰਾ : ਅੱਛਾ ਅੱਛਾ, ਇਕੋ ਗੱਲ ਏ।

*(ਜਾਂਦਾ ਹੈ।)*

ਮੀਤੀ : (ਆਪਣੇ ਆਪ ਨਾਲ) ਨਛੱਤਰ ਤੈਨੂੰ ਤਾਂ ਇਕ ਦਿਨ ਵੇਖ ਲਵਾਂਗੀ।

*(ਇਕ ਵਿਸ਼ੇਸ਼ ਮੁੱਦਰਾ ਵਿਚ ਹੌਲੇ ਹੌਲੇ ਵਿੰਗ ਤੋਂ ਬਾਹਰ ਹੁੰਦੀ ਹੈ।)*

## ਸੀਨ 2

(ਸਰਪੰਚ ਅਤੇ ਨਛੱਤਰ ਗੱਲਾ ਕਰਦੇ ਸਟੇਜ 'ਤੇ ਆਉਂਦੇ ਹਨ।)

ਨਛੱਤਰ : ਸਰਪੰਚ ਜੀ, ਇਹ ਗੱਲ ਹੁਣ ਬਰਦਾਸ਼ਤ ਤੋਂ ਬਾਹਰ ਏ। ਇਕ ਵਿਹੜੇ ਵਾਲਿਆਂ ਦੀ ਕੁੜੀ ਸਾਡੀ ਸ਼ਰ੍ਹੇਆਮ ਬੇਇੱਜ਼ਤੀ ਕਰ ਦੇਵੇ ਤੇ ਅਸੀਂ ਵੇਖਦੇ ਹੀ ਰਹੀਏ, ਚੁੱਪ ਰਹੀਏ, ਬੋਲੀਏ ਕੁਝ ਨਾ।

ਸਰਪੰਚ : ਕੌਣ ਕਹਿੰਦਾ ਤੁਸੀਂ ਵੇਖਦੇ ਰਵ੍ਹੋ, ਚੁੱਪ ਰਵ੍ਹੋ, ਬੋਲੋ ਕੁਝ ਨਾ, ਪਰ ਹੋਇਆ ਕੀ ? ਇਹ ਵੀ ਪਤਾ ਲੱਗੇ। ਤੂੰ ਵੀ ਤਾਂ ਕੁਝ ਕਿਹਾ ਹੋਣਾ ਏ।

ਨਛੱਤਰ : ਕਹਿਣਾ ਕੀ ਸੀ, ਜੇ ਸਾਗ ਤੋੜਦਿਆਂ ਖੇਤਾਂ ਦਾ ਉਜਾੜਾ ਕਰੇ ਤਾਂ ਕਹਿਣਾ ਹੀ ਸੀ। ਉਂਝ ਵੀ ਉਸ ਕੁੜੀ ਦੇ ਕੋਈ ਢੰਗ ਤਰੀਕੇ ਚੰਗੇ ਨਹੀਂ। ਸੀਰੀਆਂ ਦੀ ਧੀ ਪਰ ਤੁਰਦੀ ਇਸ ਤਰ੍ਹਾਂ ਜਿਸ ਤਰ੍ਹਾਂ ਪਿੰਡ ਦੀ ਨੰਬਰਦਾਰਨੀ ਹੋਵੇ।

ਸਰਪੰਚ : ਨਛੱਤਰਾ, ਇਹ ਆਜ਼ਾਦ ਦੇਸ਼ ਏ, ਇਥੇ ਸਿਰ ਉੱਚਾ ਕਰਕੇ ਤੁਰੇ ਉਹਦੀ ਮਰਜ਼ੀ, ਜੇਕਰ ਕੋਈ ਸਿਰ ਝੁਕਾਕੇ ਤੁਰੇ, ਇਹ ਵੀ ਉਹਦੀ ਮਰਜ਼ੀ। ਮੈਂ ਤਾਂ ਸਮਝਦਾ ਹਾਂ ਕਿ ਸਿਰ ਝੁਕਾਕੇ ਤੁਰਨ ਨਾਲੋਂ ਸਿਰ ਉੱਚਾ ਕਰਕੇ ਤੁਰਨਾ ਚੰਗਾ ਹੁੰਦਾ ਹੈ, ਮੈਂ ਤਾਰਾ ਸਿੰਘ ਨੂੰ ਬੁਲਾ ਭੇਜਿਆ ਏ, ਸਾਰੀ ਗੱਲ ਕਰਦੇ ਹਾਂ। ਤੈਨੂੰ ਵੀ ਕਹਿਨਾ ਹਾਂ ਕਿ ਹੁਣ ਪੁਰਾਣੇ ਵਕਤ ਨਹੀਂ ਰਹੇ ਕਿ ਵਿਹੜੇ ਵਾਲਿਆਂ ਨੂੰ ਦਬਕਾ ਮਾਰਿਆ ਜਾ ਸਕੇ।

ਨਛੱਤਰ : ਮੈਨੂੰ ਵੀ ਪਤਾ ਏ ਤਾਇਆ ਜੀ, ਹੁਣ ਪੁਰਾਣੇ ਵਕਤ ਨਹੀਂ ਰਹੇ। ਹੁਣ ਤਾਂ ਇਹ ਰਾਜੇ ਬਣ ਗਏ ਨੇ। ਨਾਲ ਦੇ ਸੂਬੇ ਵਿਚ ਇਹਨਾਂ

ਵਿਚੋਂ ਇਕ ਤੀਵੀ ਮੁੱਖ ਮੰਤਰੀ ਏ...ਤਾਹੀਓਂ ਇਹਨਾਂ ਨੂੰ ਸਿਰੇ ਚੜ੍ਹਾਇਆ ਏ। ਕਤੀੜ ਵਾਧੇ ਕਰਕੇ ਉਨ੍ਹਾਂ ਵੋਟਾਂ ਵਧਾ ਲਈਆਂ ਨੇ ਤੇ ਹੁਣ ਦੂਜਿਆਂ ਨੂੰ ਅੱਖਾਂ ਵਿਖਾਂਦੇ ਨੇ ਕਿ ਹਮਾਰੀ ਵੋਟੇਂ ਹੈ, ਹਮ ਰਾਜੇ ਹੈਂ, ਸਾਰੇ ਸਾਡੇ ਪੈਰੀਂ ਪਵੋ।

ਸਰਪੰਚ : ਨਛੱਤਰਾ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹਨਾਂ ਲੋਕਾਂ ਨੇ ਸਾਡਾ ਮੈਲਾ ਸਿਰਾਂ ’ਤੇ ਚੁੱਕਿਆ ਏ, ਜੇ ਹੁਣ ਇਨ੍ਹਾਂ ਨੂੰ ਆਪਣੇ ਹੱਕਾਂ ਦੀ ਚੇਤਨਤਾ ਆ ਗਈ ਏ ਤਾਂ ਇਹ ਕੋਈ ਮਾੜੀ ਗੱਲ ਨਹੀਂ।

ਨਛੱਤਰ : ਮਾੜੀ ਹੀ ਗੱਲ ਏ ਤਾਇਆ ਜੀ। ਜੇ ਮੂਰਖ ਨੂੰ ਚੇਤਨਾ ਆ ਜਾਏ ਤਾਂ ਇਨ੍ਹਾਂ ਨੇ ਦੂਜਿਆਂ ਨੂੰ ਵਖਤ ਹੀ ਪਾਉਣਾ ਏ। ਰੂੜੀਆਂ ’ਤੇ ਪਲਣ ਵਾਲੇ ਹੁਣ ਦੇ ਰਾਜੇ ਬਣ ਗਏ।

ਸਰਪੰਚ : ਕੌਣ ਰਾਜਾ, ਕੌਣ ਰੰਕ ? ਸਭ ਨੇ ਆਪਣਾ ਆਪਣਾ ਖਾਣਾ ਏ। ਮੂਰਖ ਕੌਣ ਏ, ਸਿਆਣਾ ਕੌਣ ਏ ? ਇਹਦਾ ਫੈਸਲਾ ਕਰਨਾ ਬੜਾ ਮੁਸ਼ਕਿਲ ਏ।ਅੱਜ ਜਮਾਨੇ ਵਿਚ ਉਹੀ ਮੂਰਖ ਹੁੰਦਾ ਏ ਜਿਹੜਾ ਕੁਝ ਸਮਝੇ ਤੇ ਐਵੇਂ ਫੋਕੀ ਸ਼ਾਨ ਮਾਰੇ। ਇਹ ਦੱਸ ਤੂੰ ਚਾਹੁੰਦਾ ਕੀ ਏਂ ?

ਨਛੱਤਰ : ਉਹ ਕੁੜੀ ਪੰਚੈਤ ਵਿਚ ਮੁਆਫ਼ੀ ਮੰਗੇ।

ਸਰਪੰਚ : ਅੱਛਾ ਮੰਗ ਲਏਗੀ। ਲੈ ਤਾਰਾ ਸਿੰਘ ਵੀ ਆ ਗਿਆ ਏ, ਸਾਰੀ ਗੱਲ ਕਰ ਲੈਂਦੇਂ ਹਾਂ।

*(ਤਾਰਾ ਸਿੰਘ ਆਉਂਦਾ ਹੈ।)*

ਤਾਰਾ : ਸਤਿ ਸ੍ਰੀ ਅਕਾਲ ਸਰਪੰਚ ਸਾਹਿਬ, ਤੁਸਾਂ ਬੁਲਾ ਭੇਜਿਆ ਸੀ ?

ਸਰਪੰਚ : ਹਾਹੋ, ਇਹ ਨਛੱਤਰ ਸਿੰਘ ਸ਼ਕਾਇਤ ਕਰਦਾ ਏ ਕਿ ਮੀਤੀ ਤੇਰੀ ਕੁੜੀ ਨੇ ਇਹਦੀ ਬਿਜ਼ੱਤੀ ਕੀਤੀ ਏ।

ਤਾਰਾ : ਸ਼ਿਕਾਇਤ ਕਰਦਾ ਏ ਤਾਂ ਠੀਕ ਹੀ ਹੋਣੀ ਏ, ਪਰ ਕੁੜੀ ਨੇ ਬਿੱਜ਼ਤੀ ਕੀਤੀ, ਇਹਦੀ ਵਜ੍ਹਾ ਵੀ ਕੋਈ ਹੋਣੀ ਏ।

ਨਛੱਤਰ : ਵਜ੍ਹਾ ਕੀ ਏ, ਉਂਝ ਹੀ ਕੁੜੀ ਦਾ ਦਿਮਾਗ ਖਰਾਬ ਏ, ਆਪਣੇ ਆਪਨੂੰ ਹੂਰਾਂ ਪਰੀ ਸਮਝਦੀ ਏ।

ਤਾਰਾ : ਹੂਰਾਂ ਪਰੀ ਸਾਡਿਆਂ ਬੰਦਿਆਂ ਨੇ ਆਪਣੇ ਆਪ ਨੂੰ ਕੀ ਸਮਝਣਾ ਏ ? ਜਿਹੜੇ ਜੰਮੇ ਪਲੇ ਥੁੜਾਂ ਵਿਚ, ਰੂੜੀਆਂ ’ਤੇ ਖੇਡਦੇ ਵੱਡੇ ਹੋਏ, ਬਚਪਨ ਤੋਂ ਜਿਨ੍ਹਾਂ ਨੂੰ ਇਹ ਅਹਿਸਾਸ ਹੋਵੇ ਕਿ ਉਹ ਧਰਤੀ ’ਤੇ ਕੀੜੇ ਮਕੌੜਿਆਂ ਵਾਕੁਣ ਜ਼ਿੰਦਗੀ ਦਾ ਇਕ ਟੋਟਾ ਵੀ ਨਹੀਂ ਜਿਥੇ ਉਹ ਬੇਝਿਜਕ ਜੰਗਲਪਾਣੀ ਵੀ ਜਾ ਸਕਣ।

ਸਰਪੰਚ : ਇਹ ਤੂੰ ਕੀ ਕਹਿ ਰਿਹਾ ਏਂ ਤਾਰਾ ਸਿੰਘਾ ?

ਤਾਰਾ : ਸੱਚ ਕਹਿ ਰਿਹਾ ਹਾਂ, ਸਰਪੰਚ ਜੀ ਤੁਹਾਨੂੰ ਨਹੀਂ ਪਤਾ ਨਾਲ ਦੇ

ਪਿੰਡ ਕੀ ਹੋਇਐ ?

ਸਰਪੰਚ : ਨਹੀਂ ਤਾਂ।

ਤਾਰਾ : ਵਿਹੜੇ ਵਾਲਿਆਂ ਦੀ ਇਕ ਤੀਵੀ ਜੰਗਲਪਾਣੀ ਲਈ ਖੇਤ ਗਈ। ਖੇਤ ਹਾਲੇ ਬੀਜਿਆ ਵੀ ਨਹੀਂ ਸੀ ਤੇ ਨਾ ਹੀ ਉਥੇ ਕੋਈ ਫ਼ਸਲ ਖੜੀ ਸੀ। ਜੱਟ ਨੇ ਵੇਖ ਲਿਆ, ਬਸ ਅਸਮਾਨ ਸਿਰ 'ਤੇ ਚੁੱਕ ਲਿਆ ਅਖੇ ਹਾਂ ਹਾਂ ਖੇਤ ਵਿਚ ਵੜੀ ਕਿਉਂ ? ਉਹਦੇ ਕੋਲੋਂ ਜ਼ਬਰਦਸਤੀ ਉਹਦਾ ਹੀ ਕੀਤਾ ਮੈਲਾ ਚੁਕਵਾਇਆ।

ਨਛੱਤਰ : ਪਰ ਇਹਦਾ ਮੇਰੀ ਗੱਲ ਨਾਲ ਕੀ ਤੁਅੱਲਕ ?

ਤਾਰਾ : ਤੁਅੱਲਕ ਹੈ ਸਰਦਾਰਾ, ਬਿਲਕਲ ਤੁਅੱਲਕ ਹੈ। ਤੁਸੀਂ ਜ਼ਮੀਨਾਂ ਓ ਸਾਗ ਲੈਣ ਆਈ ਕੁੜੀ ਨੂੰ ਜੋ ਮਰਜ਼ੀ ਕਹਿ ਸਕਦੇ ਹੋ ਤੇ ਕੁੜੀ ਵੀ ਉਹ ਜੋ ਕੋਈ ਬਿਗਾਨੀ ਨਹੀਂ, ਤੁਹਾਡੇ ਹੀ ਘਰ ਦਾ ਗੋਹਾ ਕੂੜਾ ਕਰਦੀ ਵੱਡੀ ਹੋਈ। ਚਾਰ ਜਮਾਤਾਂ ਜੇ ਉਹ ਸਕੂਲੇ ਵੀ ਪੜ੍ਹਣ ਗਈ ਤਾਂ ਉਹਨੂੰ ਹਰ ਵੇਲੇ ਫਿਕਰ ਰਹਿੰਦਾ ਕਿ ਉਹਨੇ ਆਪਣੀ ਮਾਂ ਦਾ ਹੱਥ ਵਟਾਉਣਾ ਏ। ਤੇਰੇ ਨਾਲ ਤਾਂ ਉਹ ਨਿੱਕਿਆ ਹੁੰਦਿਆਂ ਖੇਡਦੀ ਵੀ ਰਹੀ, ਮਾਂ ਤੇਰੀ ਉਹਦੇ ਨਾਲ ਮੋਹ ਵੀ ਬੜਾ ਕਰਦੀ ਸੀ। ਸਾਗ ਲੈਣ ਤੇਰੇ ਖੇਤ ਉਹ ਆਪਣਾ ਹੱਕ ਸਮਝਕੇ ਹੀ ਗਈ ਸੀ। ਬਾਕੀ ਸਰਪੰਚ ਜੀ ਮੈਂ ਗੱਲ ਅਗੇ ਵਧਾਉਣਾ ਨਹੀਂ ਚਾਹੁੰਦਾ, ਅੱਗੇ ਹੀ ਜੱਟਾ ਅਤੇ ਵਿਹੜੇ ਵਾਲਿਆਂ ਦੇ ਸਬੰਧ ਹੁਣ ਪਹਿਲਾਂ ਵਰਗੇ ਨਹੀਂ ਰਹੇ।

ਸਰਪੰਚ : ਹਾਂ ਇਹ ਤਾਂ ਗੱਲ ਕਿਸੇ ਕੋਲੋਂ ਭੁੱਲੀ ਨਹੀਂ।

ਤਾਰਾ : ਵਿਹੜੇ ਵਾਲੇ ਹੁਣ ਵਿਹੜਿਆਂ ਨੂੰ ਆਪਣੀ ਤਕਦੀਰ ਨਹੀਂ ਸਮਝਦੇ ਤੇ ਉਹ ਜਦੋਂ ਬੋਲਦੇ ਨੇ ਤਾਂ ਉਹਨਾਂ ਲੋਕਾਂ ਨੂੰ ਤਕਲੀਫ ਹੁੰਦੀ ਏ ਜੋ ਪੁਰਾਣੀਆਂ ਸਰਦਾਰੀਆਂ ਭਾਲਦੇ ਨੇ। ਮੀਤੀ ਵਾਲੀ ਗੱਲ 'ਤੇ ਵਿਹੜੇ ਵਾਲੇ ਮੁੰਡੇ-ਕੁੜੀਆਂ ਵੀ ਗਰਮ ਨੇ।

ਨਛੱਤਰ : ਨਾਲੇ ਗਲਤੀਆਂ ਕਰਦੇ ਨੇ, ਇੱਜ਼ਤਾਂ ਵਾਲੇ ਬੰਦਿਆਂ ਦੀ ਇੱਜ਼ਤ ਲਾਹੁੰਦੇ ਨੇ, ਨਾਲੇ ਗਰਮ ਹੁੰਦੇ ਨੇ।

ਤਾਰਾ : ਇਹ ਸੱਚ ਕਿ ਮੀਤੀ ਮੰਦਾ ਚੰਗਾ ਬੋਲੀ ਏ, ਪਰ ਉਹ ਕਿਉਂ ਬੋਲੀ ਏ, ਇਹਦਾ ਨਿਤਾਰਾ ਵੀ ਹੋਣਾ ਚਾਹੀਦਾ ਹੈ।

ਸਰਪੰਚ : ਕੀ ਦਸਦੀ ਏ ਕੁੜੀ ?

ਤਾਰਾ : ਉਹਦੀ ਮਾਂ ਹੁੰਦੀ ਤਾਂ ਉਹਨੂੰ ਸਭ ਕੁਝ ਦੱਸਦੀ। ਹੁਣ ਤਾਂ ਉਹਨੇ ਏਨਾ ਹੀ ਕਿਹਾ ਏ, ਜੇ ਕੋਈ ਉਹਦੀ ਇੱਜ਼ਤ ਨੂੰ ਹੱਥ ਪਾਏਗਾ, ਉਹ ਉਹਦੇ ਡੱਕਰੇ ਕਰ ਦੇਵੇਗੀ। ਹੁਣ ਨਛੱਤਰ ਕੋਲੋਂ ਹੀ ਪੁੱਛੋ ਕਿ

ਇਹਨੇ ਕੀ ਕਿਹਾ ਸੀ ?

ਸਰਪੰਚ : ਹਾਂ ਨਛੱਤਰਾ ਕੀ ਕਿਹਾ ਸੀ ਤੂੰ ਕਿ ਗੱਲ ਏਨੀ ਵੱਧ ਗਈ ?

ਨਛੱਤਰ : ਮੈਂ..ਮੈਂ ਕੀ ਕਹਿਣਾ ਸੀ, ਇਹੀ ਆਖਿਆ ਸੀ ਸਾਗ ਤੋੜ ਲੈ ਬੇਸ਼ਕ, ਬਸ ਫ਼ਸਲ ਦਾ ਖਿਆਲ ਰੱਖੀਂ– ਮੇਰਾ ਖੇਤ ਏ ਮੈਂ ਏਨਾ ਵੀ ਨਾ ਕਹਾਂ ? ਸਰਪੰਚ ਜੀ ਇਹਨਾਂ ਦੀ ਇਹ ਜ਼ਬਾਨ ਹੁਣ ਸੁਣੋ, ਇਹ ਹੁਣ ਸਾਡੇ ਡੱਕਰੇ ਡੱਕਰੇ ਕਰ ਦੇਣਗੇ। ਸਾਡਾ ਹੀ ਖਾਣਾ ਤੇ ਸਾਨੂੰ ਹੀ ਅੱਖਾਂ ਵਿਖਾਉਣੀਆਂ।

ਤਾਰਾ : ਬਸ ਸਰਪੰਚ ਜੀ, ਇਹੋ ਹੀ ਇਹਨਾਂ ਦੀ ਸੋਚਣੀ ਏ, ਜਿਹੜੀ ਸਾਰੇ ਪੁਆੜੇ ਦੀ ਜੜ੍ਹ ਏ। ਅਖੇ ਅਸੀਂ ਇਹਨਾਂ ਦਾ ਖਾਂਦੇ ਹਾਂ।

ਸਰਪੰਚ : ਤਾਰਾ ਸਿੰਘਾ ਕੋਈ ਕਿਸੇ ਦਾ ਦਿੱਤਾ ਨਹੀਂ ਖਾਂਦਾ। ਸਾਰਿਆਂ ਨੇ ਆਪਣੀ ਮੇਹਨਤ ਦਾ ਖਾਣਾ ਏ। ਵੱਡੀ ਗੱਲ ਏ ਕਿ ਆਪਣੀ ਮੇਹਨਤ ਦੀ ਰਾਖੀ ਕਿਸ ਤਰ੍ਹਾਂ ਕੀਤੀ ਜਾਏ।ਅਸੀਂ ਆਪਣੇ ਨਿੱਕੇ–ਨਿੱਕੇ ਝਗੜਿਆਂ ਵਿਚ ਉਲਝੇ ਹੋਏ ਹਾਂ। ਉਪਰ ਬੈਠੇ ਸਾਨੂੰ ਲੁੱਟੀ ਜਾਂਦੇ ਨੇ। ਇਨਸਾਨ ਚੰਨ 'ਤੇ ਪੁੱਜ ਗਿਆ ਏ ਤਾਂ ਅਸੀਂ ਇਕ ਭੈੜੇ ਜਿਹੇ ਪ੍ਰਬੰਧ ਥੱਲੇ ਜੀਂਦੇ ਜਾ ਰਹੇ ਹਾਂ। ਆਪਸ ਵਿਚ ਲੜਦੇ ਰਹਿੰਦੇ ਹਾਂ।

ਤਾਰਾ : ਸਰਪੰਚ ਜੀ, ਮੈਂ ਪਹਿਲੇ ਵੀ ਸੋਚਦਾ ਹਾਂ, ਪਰ ਹੁਣ ਫੈਸਲਾ ਕਰ ਲਿਆ ਏ ਕਿ ਅਸੀਂ ਪਿੰਡ ਛੱਡ ਜਾਣਾ ਏ। ਮੰਡੀ ਚਲੇ ਜਾਵਾਂਗੇ, ਦਿਹਾੜੀ ਕਰਾਂਗੇ, ਪੱਲੇਦਾਰੀ ਕਰਾਂਗੇ।ਪੀੜ੍ਹੀ ਦਰ ਪੀੜ੍ਹੀ ਇਥੇ ਰਹੇ ਹਾਂ, ਜਿਥੋਂ ਤੱਕ ਨਿੱਭੀ ਨਿੱਭ ਗਈ। ਇਥੋਂ ਤੱਕ ਗੱਲ ਕਦੀ ਨਹੀਂ ਸੀ ਗਈ ਕਿ ਖੇਤ ਗਈਆਂ ਸਾਡੀਆਂ ਤੀਵੀਆਂ ਨੂੰ ਆਪਣਾ ਮੈਲਾ ਆਪ ਚੁੱਕਣਾ ਪਵੇ। ਸਾਗ ਤੋੜਣ ਗਈਆਂ ਸਾਡੀਆਂ ਧੀਆਂ ਮੁੰਡਿਆਂ ਦੀਆਂ ਮੈਲੀਆ ਅੱਖਾਂ ਦਾ ਸ਼ਿਕਾਰ ਹੋਣ। ਜੇ ਸਾਡੀ ਧੀ ਅੱਗੋਂ ਬੋਲੇ ਤਾਂ ਪੰਚਾਇਤ ਵਿਚ ਉਹਨੂੰ ਨਸ਼ਰ ਕੀਤਾ ਜਾਏ।

*(ਮੀਤੀ ਆਉਂਦੀ ਹੈ।)*

ਮੀਤੀ : ਬਾਪੂ ਇਹ ਜ਼ਿੱਦ ਕੀ ਕਰਨਗੇ ? ਇਹ ਤਾਂ ਉਸ ਵੱਡੇ ਜਗੀਰਦਾਰ ਨੂੰ ਮੈਂ ਹੁਣ ਕਹਾਂਗੀ, ਤੁਸੀਂ ਪੁੱਛਦੇ ਨਹੀਂ ਕਿ ਇਸਨੇ ਕੀ ਕਿਹਾ ? ਕਹਿੰਦਾ ਸਾਗ ਬੇਸ਼ਕ ਜਿੰਨਾ ਮਰਜ਼ੀ ਤੋੜ ਲੈ ਪਰ ਇਹਦਾ ਮੁੱਲ ਤਾਰਨਾ ਪੈਣਾ ਏ।ਮੈਂ ਪੁੱਛਿਆ, ਕੀ ਮੁੱਲ ਲੈਣਾ ਈ ? ਕਹਿੰਦਾ ਇਥੇ ਨਹੀਂ ਦਸਣਾ ਕਮਾਦ ਵਾਲੇ ਖੇਤ ਆ। ਮੈਂ ਅਗੋਂ ਆਖਿਆ ਖੇਤ ਆਪਣੀ ਮਾਂ ਨੂੰ ਲੈ ਕੇ ਜਾ, ਭੈਣ ਨੂੰ ਲੈ ਕੇ ਜਾ। ਉਂਝ ਮੈਂ ਸਵਰਗਾਂ ਵਿਚ ਬੈਠੀ ਇਹਦੀ ਮਾਂ ਕੋਲੋਂ ਜ਼ਰੂਰ ਮੁਆਫ਼ੀ ਮੰਗਦੀ ਹਾਂ, ਉਹ ਤਾਂ

ਚੰਗੀਓ ਹੀ ਬੜੀ ਸੀ, ਇਸ ਜੂੰਡੀ ਫੜੇ ਦੀਆਂ ਆਦਤਾਂ ਤਾਂ ਨਿੱਕੇ ਹੁੰਦਿਆਂ ਤੋਂ ਚੰਗੀਆਂ ਨਹੀਂ ਸਨ।

ਸਰਪੰਚ : ਨਛੱਤਰਾ ਤੂੰ ਤਾਂ ਕਹਿੰਦਾ ਸੀ ਕਿ ਕੁੜੀ ਮੁਆਫੀ ਮੰਗੇ।

ਨਛੱਤਰ : ਮੈਂ ਕਿਉਂ ਮੁਆਫ਼ੀ ਮੰਗਾਂ, ਮੈਂ ਇਸਨੂੰ ਵੇਖ ਲਵਾਂਗਾ।

ਮੀਤੀ : ਵੇਖ ਲਵੀਂ, ਅਗੇ ਕਿਹੜਾ ਤਖ਼ਤ 'ਤੇ ਬੈਠੀ ਹਾਂ ਜਿਹੜਾ ਖੋਹ ਲਵੇਂਗਾ।

*(ਨਛੱਤਰ ਘਬਰਾਹਟ ਜ਼ਾਹਰ ਕਰਦਾ ਹੈ ਤੇ ਪੈਰ ਮਾਰਦਾ ਬਾਹਰ ਜਾਂਦਾ ਹੈ।)*

ਸਰਪੰਚ : ਤਾਰਾ ਸਿੰਘ, ਤੁਸੀਂ ਪਿੰਡ ਛੱਡਕੇ ਨਹੀਂ ਜਾਣਾ। ਕਿਸੇ ਇਕ ਦੀ ਗਲਤੀ ਨਾਲ ਸਾਰੇ ਭਾਈਚਾਰੇ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਖੇਤੀ ਦੇ ਤਰੀਕੇ ਬਦਲਣ ਨਾਲ ਸਾਡੇ ਰਿਸ਼ਤੇ ਜ਼ਰੂਰ ਬਦਲ ਗਏ ਨੇ, ਪਰ ਅਸੀਂ ਖੇਤਾਂ ਵਾਲਿਆਂ ਵਿਹੜਿਆਂ ਵਾਲਿਆਂ ਇਥੇ ਹੀ ਰਹਿਣਾ ਏ ਤੇ ਕੱਠੇ ਸੰਘਰਸ਼ ਕਰਕੇ ਇਥੋਂ ਦੀ ਜ਼ਿੰਦਗੀ ਨੂੰ ਚੰਗਾ ਬਣਾਉਣਾ ਏ।

ਮੀਤੀ : ਤਾਇਆ ਜੀ, ਜਦੋਂ ਮੇਂ ਨਿੱਕੀ ਸੀ ਤਾਂ ਮਾਂ ਕਦੀ ਹਉਕਾ ਲੈਂਦੀ ਉਦਾਸ ਬੋਲ ਬੋਲਦੀ ਹੁੰਦੀ ਸੀ।

ਸਰਪੰਚ : ਕਿਹੜੇ?

ਮੀਤੀ :
ਮਿੱਟੀ ਪੁੱਟਣ ਗਈ ਸਾਂ, ਪੁੱਟ ਆਈ ਹਾਂ ਬਾਬਲ ਦੀ ਲੋਈ
ਮਾਂਏ ਨੀ ਮੇਰੀ ਚੁੰਨੀ ਲੀਰੋ ਲੀਰ ਹੈ ਹੋਈ
ਜਿਸ ਚੋਬਰ ਮੇਰੀ ਇਹ ਗੱਤ ਕੀਤੀ
ਉਹ ਉਸ ਲੰਬਰ ਦਾ ਮੁੰਡਾ
ਜੀਹਦੇ ਘਰ ਆਪਣਾ ਬਾਪੂ ਸੀਰੀ
ਮਾਂਏ ਨੀ, ਕਿਥੇ ਗਈ ਮੀਰੀ ਤੇ ਪੀਰੀ

ਤਾਰਾ : ਹਾਂ ਸਰਪੰਚ ਜੀ, ਇਹ ਸਾਡੀਆਂ ਔਰਤਾਂ ਦੀ ਮਜਬੂਰੀ ਅਤੇ ਬੇਵਸੀ ਦੀ ਦਾਸਤਾਂ ਹੁੰਦੀ ਸੀ।

ਮੀਤੀ : ਪਰ ਬਾਪੂ ਜੀ, ਹੁਣ ਕੁਝ ਸਤਰਾਂ ਨਵੀਂ ਪੀੜੀ ਇਸ ਰ੍ਹਾਂ ਬੋਲਦੀ ਏ
ਕਦ ਤੱਕ ਇੰਝ ਕਰਦੇ ਰਹਾਂਗੇ
ਤਿਲ ਤਿਲ ਕਰਕੇ ਮਰਦੇ ਰਹਾਂਗੇ
ਮਾਏ ਨੀਂ, ਹੁਣ ਨਾ ਅਸੀਂ ਹਿਹ ਸਭ ਜਰਨਾ
ਹੁਣ ਤਾਂ ਹੈ ਸਰੇ ਮੈਦਾਨ ਲੜਣਾ।

*(ਹੱਥ ਉੱਚਾ ਕਰਦੀ ਹੈ।)*